੧੮੭

ਸੇਵਕ ਤੇ ਸੇਵਾ

(ਲੇਖਕ: ਸੋਹਣ ਸਿੰਘ ਸੀਤਲ)

"ਸਤ ਸੰਗਤ" ਦੇ ਗੁਣ ਧਾਰਨ ਕੀਤਿਆਂ ਹੀ ਮਨ ਬਦਲਦਾ ਹੈ ਤੇ ਅੰਦਰ ਸ਼ੁਭ ਗੁਣ, ਉੱਤਮ ਵਿਚਾਰ ਪੈਦਾ ਹੁੰਦੇ ਹਨ। ਗੁਰਦੇਵ ਨੇ ਸ਼ਬਦ 'ਸਤ ਸੰਗਤਿ' ਵਰਤਿਆ ਹੈ, ਉਹ ਸੰਗਤ ਜਿੱਥੇ ਸੱਤ (ਥਿਰ ਰਹਿਣ ਵਾਲਾ) ਵਾਹਿਗੁਰੂ ਦੀ ਵਿਚਾਰ ਹੋਵੇ। ਸਿੱਖ ਮਰਿਯਾਦਾ ਅਨੁਸਾਰ ਸੰਗਤ ਦੇ ਸੰਗਤੀ ਬਣਨ ਦੀ ਪਹਿਲੀ ਪਉੜੀ ਹੈ 'ਸੇਵਾ ਕਰਨਾ'। ਗੁਰਦੇਵ ਨੇ ਸੇਵਕ ਤੇ ਸੇਵਾ ਦੇ ਵੀ ਕੁਝ ਨਿਯਮ ਤੇ ਫਲ ਦੱਸੇ ਹਨ। ਆਪ 'ਸੇਵਕ' ਬਾਰੇ ਦੱਸਦੇ ਹਨ:

– ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ॥ ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੇਇ॥ (੯੩੬)

ਮਾਲਕ (ਪ੍ਰਭੂ) ਦਾ ਨੌਕਰ ਤਾਂ ਅਖਵਾਏ, ਪਰ (ਹੁਕਮ ਮੰਨਣ ਦੀ ਥਾਂ) ਅਗੋਂ ਜਵਾਬ ਦੇਵੇ (ਇਨਕਾਰ ਕਰੇ)। ਅਜਿਹਾ ਨੌਕਰ ਤਖ਼ਤੇ ਬੈਠਣ ਦਾ ਹੱਕਦਾਰ ਨਹੀਂ ਹੁੰਦਾ, ਸਗੋਂ ਉਹ ਆਪਣੀ ਤਨਖਾਹ (ਵਜਹੁ) ਹੀ ਗੁਆ ਲੈਂਦਾ ਹੈ। ਸੇਵਕ ਦਾ ਧਰਮ ਤਾਂ ਹੈ ਸੱਚੇ ਦਿਲੋਂ ਸੇਵਾ ਕਰਨਾ। ਹਜ਼ੂਰ ਰਸਤਾ ਦੱਸਦੇ ਹਨ:

– ਐਸੀ ਸੇਵਕੁ ਸੇਵਾ ਕਰੈ॥ ਜਿਸ ਕਾ ਜੀਉ ਤਿਸੁ ਆਗੈ ਧਰੈ॥
ਸਾਹਿਬ ਭਾਵੈ ਸੋ ਪਰਵਾਨੁ॥ ਸੋ ਸੇਵਕੁ ਦਰਗਹ ਪਾਵੈ ਮਾਨੁ॥ (੬੬੧)

ਸੇਵਾ ਦੀ ਮਹਾਨਤਾ ਦੱਸਦੇ ਹੋਏ ਮਹਾਰਾਜ ਫੁਰਮਾਉਂਦੇ ਹਨ:

– ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥ (੨੬)

ਸਵਾਲ ਪੈਦਾ ਹੁੰਦਾ ਹੈ, ਫਿਰ ਸੇਵਾ ਕਰੀਏ ਕਿਸ ਦੀ? ਕਿਉਂਕਿ ਗੁਰਦੇਵ ਦਾ ਵਾਕ ਹੈ:

– ਜੈਸਾ ਸੇਵੈ ਤੈਸੋ ਹੋਇ॥ (੨੨੩)

ਇਸ ਦਾ ਉੱਤਰ ਗੁਰੂ ਜੀ ਦੇਂਦੇ ਹਨ:

– ਸੋ ਸੇਵਹੁ ਜਿਸੁ ਮਾਈ ਨ ਬਾਪੁ॥ ਵਿਚਹੁ ਚੂਕੈ ਤਿਸਨਾ ਅਰੁ ਆਪੁ॥
ਜਹ ਜਹ ਦੇਖਾ ਤਹ ਤਹ ਸੋਈ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥
ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥ (੧੩੪੩)

ਤੇ ਇਹ ਸਿੱਖਿਆ ਮਿਲਦੀ ਹੈ ਗੁਰੂ ਪਾਸੋਂ। ਸਿੱਖ ਤਾਂ ਭੁੱਲਣਹਾਰ ਹੈ।

– ਭੂਲੇ ਸਿਖ ਗੁਰੂ ਸਮਝਾਏ॥ ਉਝੜਿ ਜਾਦੇ ਮਾਰਗਿ ਪਾਏ॥
ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ॥ (੧੦੩੨)

ਅਜਿਹੇ ਗੁਰੂ ਦੀ ਅਸਲੀ ਸੇਵਾ ਕੀ ਹੈ? ਹਜ਼ੂਰ ਫੁਰਮਾਉਂਦੇ ਹਨ:

– ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥ (੨੨੩)

ਗੁਰੂ ਦੀ ਅਸਲੀ ਸੇਵਾ, ਉਸਦੇ ਸ਼ਬਦ ਦੀ ਵਿਚਾਰ ਕਰਨਾ ਹੈ। ਫਿਰ ਇਸ ਸੇਵਾ ਦਾ ਲਾਭ ਕੀ ਹੈ? ਗੁਰਵਾਕ ਹੈ:

– ਸਤਿਗੁਰੁ ਸੇਵੇ ਸੋ ਜੋਗੀ ਹੋਇ॥ ਭੈ ਰਚਿ ਰਹੈ ਸੁ ਨਿਰਭਉ ਹੋਇ॥ (੨੨੩)

ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦੀ ਪੁਸ਼ਟੀ ਕਰਦੇ ਹੋਏ ਗੁਰੂ ਅੰਗਦ ਦੇਵ ਜੀ ਲਿਖਦੇ ਹਨ:

– ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥ ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥ ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥(੪੭੪)

ਪਰ ਜਿਹੜਾ ਅੱਗੋਂ ਸਵਾਲ-ਜਵਾਬ ਕਰਦਾ, ਜਾਂ ਮੋੜ ਦੇਂਦਾ ਹੈ, ਸੱਚੇ ਸੇਵਕਾਂ ਵਿੱਚ ਉਸ ਦਾ ਕੋਈ ਥਾਂ ਨਹੀਂ।

– ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥ ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥ (੪੭੪)

ਜਿਹੜਾ ਬੱਧਾ ਰੁੱਧਾ (ਮਜ਼ਬੂਰਨ) ਸੇਵਾ ਕਰਦਾ ਹੈ, ਉਸਦੀ ਸੇਵਾ ਵੀ ਕਿਸੇ ਲੇਖੇ ਨਹੀਂ।

– ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥ ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ॥ (੭੮੭)

ਸਿੱਖ ਇਤਿਹਾਸ ਵਿੱਚ ਗੁਰੂ ਅਮਰਦਾਸ ਜੀ ਦਾ ਸੇਵਾ ਭਾਵ ਮਿਸਾਲ ਵਜੋਂ ਪੇਸ਼ ਕੀਤਾ ਜਾਂਦਾ ਹੈ। 'ਸੇਵਾ' ਤੇ 'ਸੇਵਕ' ਬਾਰੇ ਹੁਣ ਉਨ੍ਹਾਂ ਦੇ ਵਿਚਾਰ ਸੁਣੀਏ ਕਿ ਆਪ ਗੁਰੂ ਦੀ ਸੇਵਾ ਨੂੰ ਸਫ਼ਲ ਮੰਨਦੇ ਹਨ।

– ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥ ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥
ਬੰਧਨ ਤੋੜੈ ਮੁਕਤਿ ਹੋਇ ਸਚੇ ਰਹੈ ਸਮਾਇ॥ (੬੪੪)

ਗੁਰੂ ਦੀ ਸੇਵਾ ਤੋਂ ਪ੍ਰਮਾਤਮਾ ਪ੍ਰਾਪਤ ਹੁੰਦਾ ਹੈ, ਤੇ ਸੇਵਕ ਦੇ ਅੰਦਰ ਚੰਗੇ ਗੁਣ ਪੈਦਾ ਹੋ ਜਾਂਦੇ ਹਨ।

– ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ॥ ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ॥(੯੦)

ਸੇਵਾ ਇੱਕ ਮਨ ਹੋ ਕੇ ਕਰਨੀ ਚਾਹੀਦੀ ਹੈ।

– ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ॥ (੨੬)

ਹਜ਼ੂਰ ਫੁਰਮਾਉਂਦੇ ਹਨ ਕਿ ਸੇਵਾ ਕਰਨੀ ਹੈ ਬੜੀ ਔਖੀ।

– ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥
ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥(੨੭)

ਸੇਵਾ ਕੀ ਹੈ? ਗੁਰਦੇਵ ਫ਼ੁਰਮਾਉਂਦੇ ਹਨ, ਜੋ ਕਾਰ ਖ਼ਸਮ ਨੂੰ ਭਾਵੇ, ਉਹੀ ਸੱਚੀ ਸੇਵਾ ਹੈ।

– ਸੋ ਜਪੁ ਤਪੁ ਸੇਵਾ ਚਾਕਰੀ ਜੋ ਖਸਮੈ ਭਾਵੈ॥ (੧੨੪੭)

ਗੁਰੂ ਦੀ ਭਗਤੀ ਨੂੰ ਹੀ ਹਜ਼ੂਰ ਉੱਤਮ ਸੇਵਾ ਕਹਿੰਦੇ ਹਨ, ਜਾਂ ਸੇਵਾ ਹੀ ਅਸਲੀ ਭਗਤੀ ਹੈ।

– ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ॥ (੬੬)

ਕੇਵਲ ਦਿਖਾਵੇ ਦੀ ਸੇਵਾ ਸਫ਼ਲ ਨਹੀਂ, ਸੱਚੇ ਦਿਲੋਂ ਸੇਵਾ ਕੀਤੀ ਹੀ ਥਾਂਏਂ ਪੈਂਦੀ ਹੈ।

– ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ॥ (੨੮)

ਹਜ਼ੂਰ ਦਾ ਨਿਸ਼ਚਾ ਹੈ, ਜਿਹੋ ਜਿਹੇ ਦੀ ਇਨਸਾਨ ਸੱਚੇ ਦਿਲੋਂ ਸੇਵਾ ਕਰਦਾ ਹੈ, ਉਹੋ ਜਿਹਾ ਹੋ ਜਾਂਦਾ ਹੈ।

– ਗੁਰ ਕੀ ਸੇਵਾ ਚਾਕਰੀ ਭੈ ਰਚਿ ਕਾਰ ਕਮਾਇ॥ ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ॥ (੫੪੯)

ਫਿਰ ਸੇਵਾ ਕਰਨੀ ਕਿਸ ਦੀ ਚਾਹੀਦੀ ਹੈ? ਤਾਂ ਗੁਰਦੇਵ ਦਾ ਫੁਰਮਾਨ ਹੈ:

– ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥ ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥(੫੦੯)

ਏਥੇ "ਸੇਵੀਐ" ਦਾ ਅਰਥ "ਸਿਮਰੀਏ" ਵੀ ਹੈ, ਸੇਵਾ ਕਰਨਾ ਜਾਂ ਉਸਦਾ ਨਾਮ ਜਪਣਾ।

ਸਿੱਖ ਧਰਮ ਵਿੱਚ 'ਸੇਵਕ' ਦੀ ਪਦਵੀ ਬਹੁਤ ਉੱਚੀ ਹੈ। ਗੁਰਦੇਵ ਲਿਖਦੇ ਹਨ ਕਿ 'ਸੇਵਕ' ਅਖਵਾਉਣ ਦਾ ਹੱਕਦਾਰ ਕੌਣ ਹੈ:

– ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ॥ ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ॥(੨੮)

ਇੱਕ ਥਾਂ ਆਪ ਹੋਰ ਫ਼ੁਰਮਾਉਂਦੇ ਹਨ:

– ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥
ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ॥(੧੨੪੭)

ਰੱਬ ਤੇਰੇ ਵਿੱਚ ਵੱਸਦਾ ਹੈ ਪਰ ਮਿਲਦਾ ਸੇਵਾ ਨਾਲ ਹੈ।

– ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ॥ (੩੩)

ਗੁਰੂ ਅਰਜਨ ਦੇਵ ਜੀ ਤਾਂ ਰੱਬ ਦੇ ਸੱਚੇ ਸੇਵਕ ਨੂੰ ਰੱਬ ਵਰਗਾ ਹੀ ਕਹਿੰਦੇ ਹਨ:

– ਹਰਿ ਕਾ ਸੇਵਕੁ ਸੋ ਹਰਿ ਜੇਹਾ॥ ਭੇਦੁ ਨ ਜਾਣਹੁ ਮਾਣਸ ਦੇਹਾ॥

ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ॥ (੧੦੭੬)

ਆਪਣੇ ਸੱਚੇ ਸੇਵਕ ਦੀ ਪ੍ਰਭੂ ਹਰ ਸਮੇਂ ਰੱਖਿਆ ਵੀ ਕਰਦਾ ਹੈ।

– ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥ ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥
ਸੇਵਕ ਕਉ ਨਿਕਟੀ ਹੋਇ ਦਿਖਾਵੈ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥ਰਹਾਉ॥
ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ॥
ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ॥ (੪੦੩)

ਪਰ ਅਜਿਹਾ ਸੇਵਕ ਕੋਈ ਕ੍ਰੋੜਾਂ ਵਿੱਚੋਂ ਇੱਕ ਹੁੰਦਾ ਹੈ।

– ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥ (੪੯੫)

ਸੁਖਮਨੀ ਸਾਹਿਬ ਵਿੱਚ ਹਜ਼ੂਰ ਇੱਥੋਂ ਤੱਕ ਲਿਖਦੇ ਹਨ ਕਿ ਹੁਕਮ ਮੰਨ ਕੇ ਸੇਵਾ ਕਰਨ ਵਾਲਾ ਸੇਵਕ 'ਪਰਮਪਦ' ਪ੍ਰਾਪਤ ਕਰ ਲੈਂਦਾ ਹੈ।

– ਜਨੁ ਲਾਗਾ ਹਰਿ ਏਕੈ ਨਾਇ॥ ਤਿਸ ਕੀ ਆਸ ਨ ਬਿਰਥੀ ਜਾਇ॥
ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮ ਪਦੁ ਪਾਈ॥

ਇਸ ਤੇ ਊਪਰਿ ਨਹੀ ਬੀਚਾਰੁ॥ ਜਾ ਕੈ ਮਨਿ ਬਸਿਆ ਨਿਰੰਕਾਰੁ॥
ਬੰਧਨ ਤੋਰਿ ਭਏ ਨਿਰਵੈਰ॥ ਅਨਦਿਨੁ ਪੂਜਹਿ ਗੁਰ ਕੇ ਪੈਰ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ॥ (੨੯੨)

- ਅਪਨੇ ਸੇਵਕ ਕਉ ਆਪਿ ਸਹਾਈ॥ ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ॥ (੨੦੨)

- ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ॥ (੧੦੨)

ਪਰ ਸੱਚਾ ਸੇਵਕ ਬਣਨ ਵਾਸਤੇ ਕੁਝ ਸ਼ਰਤਾਂ ਵੀ ਹਨ:

- ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥ (੨੮੬)

- ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥ (੫੧)

ਉਪਰਲੇ ਸਾਰੇ ਪ੍ਰਮਾਣਾਂ ਦਾ ਨਿਚੋੜ ਇਹ ਹੈ ਕਿ ਬਿਨਾਂ ਕਿਸੇ ਇਛਿਆ ਦੇ ਸੱਚੇ ਦਿਲੋਂ ਸੇਵਾ ਕਰਨ ਵਾਲਾ ਰੱਬ ਦਾ ਰੂਪ ਹੋ ਜਾਂਦਾ ਹੈ।